# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਕੈਨੇਡਾ ਡੇ ਮੌਕੇ ਡਾ. ਗੁਰਮੀਤ ਸਿੰਘ ਰੰਧਾਵਾ ਸੀਨੀਅਰ ਸੁਸਾਇਟੀ ਕੈਲੋਨਾ ਵੱਲੋਂ ਸ਼ਾਨਦਾਰ ਸਮਾਗਮ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਕੈਲੋਨਾ, 7 ਜੁਲਾਈ : ਡਾ. ਗੁਰਮੀਤ ਸਿੰਘ ਰੰਧਾਵਾ ਸੀਨੀਅਰ ਸੁਸਾਇਟੀ, ਕੈਲੋਨਾ ਵੱਲੋਂ ਕੈਨੇਡਾ ਦੇ 159ਵੇਂ ਸਥਾਪਨਾ ਦਿਵਸ (ਕੈਨੇਡਾ ਡੇ) ਨੂੰ ਸਮਰਪਿਤ ਇੱਕ ਪ੍ਰਭਾਵਸ਼ਾਲੀ ਅਤੇ ਯਾਦਗਾਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਕੈਨੇਡਾ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ, ਬਹੁ-ਸੱਭਿਆਚਾਰਕ ਵਿਰਾਸਤ ਅਤੇ ਆਪਸੀ ਭਾਈਚਾਰੇ ਪ੍ਰਤੀ ਆਪਣਾ ਸਤਿਕਾਰ ਪ੍ਰਗਟਾਇਆ।




ਸਮਾਗਮ ਦੀ ਸ਼ੁਰੂਆਤ ਓਕਾਨਾਗਨ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਪਤਾਰਾ ਵੱਲੋਂ ਕੈਨੇਡਾ ਦਾ ਰਾਸ਼ਟਰੀ ਝੰਡਾ ਲਹਿਰਾਉਣ ਨਾਲ ਹੋਈ। ਉਪਰੰਤ ਹਾਜ਼ਰੀਨ ਨੇ ਇਕਸੁਰ ਹੋ ਕੇ ਰਾਸ਼ਟਰੀ ਗੀਤ ਗਾਇਆ ਅਤੇ ਦੇਸ਼ ਦੀ ਏਕਤਾ, ਆਜ਼ਾਦੀ ਅਤੇ ਵਿਭਿੰਨਤਾ ਨੂੰ ਨਮਨ ਕੀਤਾ। ਸੁਸਾਇਟੀ ਦੇ ਪ੍ਰਧਾਨ ਨਿਰਮਲ ਸਿੰਘ ਸਹੋਤਾ ਦੀ ਅਗਵਾਈ ਵਿੱਚ ਕੇਕ ਕੱਟ ਕੇ ਕੈਨੇਡਾ ਡੇ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ, ਜਿਨ੍ਹਾਂ ਨਾਲ ਸੁਸਾਇਟੀ ਦੇ ਸਕੱਤਰ ਹਰਦੇਵ ਸਿੰਘ ਸਰਾਂ ਵੀ ਸ਼ਾਮਲ ਸਨ।

ਮੁੱਖ ਬੁਲਾਰੇ ਐਡਵੋਕੇਟ ਜਗਪਾਲ ਸਿੰਘ ਬੁੱਟਰ ਨੇ ਕੈਨੇਡਾ ਡੇ ਦੀਆਂ ਵਧਾਈਆਂ ਦਿੰਦਿਆਂ ਕੈਨੇਡਾ ਦੇ ਇਤਿਹਾਸ, ਸੰਵਿਧਾਨਕ ਪ੍ਰਣਾਲੀ, ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਨਾਗਰਿਕਾਂ ਦੇ ਅਧਿਕਾਰਾਂ ਤੇ ਫ਼ਰਜ਼ਾਂ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਕੈਨੇਡਾ ਦੁਨੀਆ ਦੇ ਉਨ੍ਹਾਂ ਦੇਸ਼ਾਂ ਵਿੱਚ ਸ਼ੁਮਾਰ ਹੁੰਦਾ ਹੈ ਜਿੱਥੇ ਹਰ ਵਿਅਕਤੀ ਨੂੰ ਬਰਾਬਰੀ, ਆਜ਼ਾਦੀ, ਨਿਆਂ ਅਤੇ ਤਰੱਕੀ ਦੇ ਬਰਾਬਰ ਮੌਕੇ ਪ੍ਰਾਪਤ ਹਨ। ਉਨ੍ਹਾਂ ਨੇ ਸਾਰਿਆਂ ਨੂੰ ਕੈਨੇਡਾ ਦੀ ਤਰੱਕੀ ਅਤੇ ਸਮਾਜਿਕ ਸਦਭਾਵਨਾ ਨੂੰ ਹੋਰ ਮਜ਼ਬੂਤ ਕਰਨ ਲਈ ਆਪਣਾ ਯੋਗਦਾਨ ਪਾਉਣ ਦਾ ਸੱਦਾ ਵੀ ਦਿੱਤਾ।

ਸੱਭਿਆਚਾਰਕ ਪ੍ਰੋਗਰਾਮ ਨੇ ਸਮਾਗਮ ਨੂੰ ਹੋਰ ਵੀ ਰੌਣਕਮਈ ਬਣਾ ਦਿੱਤਾ। ਪਰਮਜੀਤ ਸਿੰਘ ਧਾਲੀਵਾਲ ਨੇ ਕੈਨੇਡਾ ਨੂੰ ਸਮਰਪਿਤ ਭਾਵਪੂਰਤ ਗੀਤ ਪੇਸ਼ ਕਰਕੇ ਦੇਸ਼ ਭਗਤੀ ਦਾ ਰੰਗ ਬਿਖੇਰਿਆ, ਜਦਕਿ ਕੁੰਦਨ ਸਿੰਘ ਸੰਘੇੜਾ ਨੇ ਆਪਣੀਆਂ ਦਿਲ ਨੂੰ ਛੂਹਣ ਵਾਲੀਆਂ ਕਵਿਤਾਵਾਂ ਰਾਹੀਂ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ। ਸੁਸਾਇਟੀ ਦੇ ਖ਼ਜ਼ਾਨਚੀ ਮਨਜੀਤ ਸਿੰਘ ਬਸਰਾ ਨੇ ਸਾਰੰਗੀ ਦੀਆਂ ਸੁਰੀਲੀਆਂ ਧੁਨਾਂ ਨਾਲ ਸਮਾਗਮ ਨੂੰ ਵਿਲੱਖਣ ਰੰਗ ਬਖ਼ਸ਼ਿਆ। ਇਸੇ ਤਰ੍ਹਾਂ ਰਵਿੰਦਰ ਸਿੰਘ ਬੈਦਵਾਨ ਅਤੇ ਸਕੱਤਰ ਇੰਦਰਜੀਤ ਸਿੰਘ ਸੰਧੂ ਵੱਲੋਂ ਪੇਸ਼ ਕੀਤੀ ਕਵੀਸ਼ਰੀ ਨੂੰ ਹਾਜ਼ਰੀਨ ਨੇ ਭਰਪੂਰ ਦਾਦ ਦਿੱਤੀ।

ਇਸ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਉਂਕਾਰ ਸਿੰਘ ਰਾਣਾ ਢਿੱਲੋਂ, ਛਿੰਦਾ ਢਿੱਲੋਂ ਅਤੇ ਐਡਵੋਕੇਟ ਜਗਪਾਲ ਸਿੰਘ ਬੁੱਟਰ ਦਾ ਵਿਸ਼ੇਸ਼ ਸਹਿਯੋਗ ਰਿਹਾ। ਸਮਾਗਮ ਦਾ ਸੰਚਾਲਨ ਸਟੇਜ ਸਕੱਤਰ ਰਵਿੰਦਰ ਸਿੰਘ ਬੈਦਵਾਨ ਨੇ ਬੇਹੱਦ ਸੁਚੱਜੇ, ਸਲੀਕੇਮੰਦ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ। ਅੰਤ ਵਿੱਚ ਸੁਸਾਇਟੀ ਦੇ ਸਕੱਤਰ ਇੰਦਰਜੀਤ ਸਿੰਘ ਸੰਧੂ ਨੇ ਸਮੂਹ ਮਹਿਮਾਨਾਂ, ਵਲੰਟੀਅਰਾਂ ਅਤੇ ਹਾਜ਼ਰੀਨ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸੁਸਾਇਟੀ ਭਵਿੱਖ ਵਿੱਚ ਵੀ ਅਜਿਹੇ ਸਮਾਜਿਕ, ਸੱਭਿਆਚਾਰਕ ਅਤੇ ਭਾਈਚਾਰਕ ਸਮਾਗਮਾਂ ਰਾਹੀਂ ਸਮਾਜ ਨੂੰ ਆਪਸ ਵਿੱਚ ਜੋੜਨ ਦੇ ਆਪਣੇ ਯਤਨ ਨਿਰੰਤਰ ਜਾਰੀ ਰੱਖੇਗੀ।

## ਸਪੀਕਰ ਸੰਧਵਾਂ ਵੱਲੋਂ ਮੈਡੀਕਲ ਹਸਪਤਾਲ ਦਾ ਅਚਨਚੇਤ ਦੌਰਾ, ਮਰੀਜ਼ਾਂ ਦਾ ਹਾਲ ਚਾਲ ਜਾਣਿਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 7 ਜੁਲਾਈ : ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ ਬੀਤੀ ਸ਼ਾਮ ਐਮਰਜੈਂਸੀ ਵਾਰਡ ਦਾ ਅਚਨਚੇਤ ਦੌਰਾ ਕਰਦੇ ਹੋਏ ਉੱਥੇ ਦਾਖਲ ਮਰੀਜ਼ਾਂ ਦਾ ਹਾਲ ਚਾਲ ਜਾਣਿਆ ਗਿਆ। ਸਪੀਕਰ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਵਧੀਆ ਅਤੇ ਆਸਾਨ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜਿੱਥੇ ਇੱਕ ਪਾਸੇ ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਨੂੰ ਮੁਫ਼ਤ ਅਤੇ ਉੱਚ ਦਰਜੇ ਦੀ ਸਿਹਤ ਸੇਵਾ ਮਿਲ ਰਹੀ ਹੈ, ਉੱਥੇ ਦੂਜੇ ਪਾਸੇ ਵੱਡੇ ਮੈਡੀਕਲ ਸੰਸਥਾਨਾਂ ਅਤੇ ਹੋਰ ਸਿਹਤ ਸਹੂਲਤਾਂ ਨੂੰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ 10 ਲੱਖ ਤੱਕ ਦਾ ਮੁਫਤ ਇਲਾਜ ਵੀ ਉਪਲਬਧ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੈਡੀਕਲ ਕਾਲਜ ਅਤੇ ਹਸਪਤਾਲ ਨੂੰ ਹਰ ਪੱਖੋਂ ਬੁਨਿਆਦੀ ਸਹੂਲਤਾਂ ਨਾਲ ਲੈੱਸ ਹਸਪਤਾਲ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੈਡੀਕਲ ਹਸਪਤਾਲ ਵਿੱਚ ਫਰੀਦਕੋਟ ਅਤੇ ਆਸ ਪਾਸ ਦੇ ਇਲਾਕਿਆਂ ਦੇ ਲੋਕ ਆਪਣਾ ਇਲਾਜ ਕਰਵਾਉਣ ਆਉਂਦੇ ਹਨ। ਉਨ੍ਹਾਂ ਕਿਹਾ ਕਿ ਅੱਗੇ ਵੀ ਸਮੇਂ-ਸਮੇਂ ’ਤੇ ਹਸਪਤਾਲ ਦੇ ਅਚਨਚੇਤ ਦੌਰੇ ਜਾਰੀ ਰਹਿਣਗੇ। ਇਸ ਮੌਕੇ ਉਨ੍ਹਾਂ ਨੇ ਡਾਕਟਰਾਂ ਅਤੇ ਸਿਹਤ ਅਧਿਕਾਰੀਆਂ ਨਾਲ ਵੀ ਮੁਲਾਕਾਤ ਕਰਕੇ ਮਰੀਜ਼ਾਂ ਦੇ ਇਲਾਜ ਅਤੇ ਉਪਲਬਧ ਸਹੂਲਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ।

## ਮੈਂ ਚੁੱਪ ਨਹੀਂ ਰਹਾਂਗੀ ਹੁਣ

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ

ਆਵਾਜ਼ ਹੁਣ ਰੋਕਣੀ ਨਹੀਂ

ਮੈਂ ਚੁੱਪ ਨਹੀਂ ਰਹਾਂਗੀ ਹੁਣ,
ਹਰ ਜ਼ਖ਼ਮ ਨੂੰ ਲਫ਼ਜ਼ ਬਣਾ ਕੇ ਕਹਾਂਗੀ।
ਜਿਨ੍ਹਾਂ ਅੱਖਾਂ ‘ਚ ਡਰ ਦੇਖਿਆ ਸੀ,
ਉਨ੍ਹਾਂ ਅੱਖਾਂ ‘ਚ ਹੁਣ ਅੱਗ ਦਿਖਾਂਗੀ।

ਕਿੰਨੀ ਦੇਰ ਸਹੀ ਮੈਂ ਤੋਹਮਤਾਂ,
ਕਿੰਨੀ ਦੇਰ ਪੀਤਾ ਘੁੱਟ-ਘੁੱਟ ਕੇ ਹੰਝੂ।
“ਕੁੜੀ ਹੈ, ਬੋਲ ਨਾ” – ਇਹ ਫ਼ਤਵੇ,
ਅੱਜ ਆਪਣੀ ਕਲਮ ਨਾਲ ਤੋੜ ਕੇ ਭੰਜੂ।

ਮੇਰੀ ਚੁੱਪ ਤੋਂ ਤੁਹਾਡਾ ਘਰ ਬਣਿਆ,
ਮੇਰੇ ਸਬਰ ਤੋਂ ਤੁਹਾਡੀ ਤਾਕਤ ਵਧੀ।
ਪਰ ਅੱਜ ਮੈਂ ਪੁੱਛਾਂਗੀ ਹਰ ਸਵਾਲ,
ਜਿਸ ਦਾ ਜਵਾਬ ਸਾਲਾਂ ਤੋਂ ਅਧੂਰਾ ਰਹਿੰਦੀ।

ਮੈਂ ਚੁੱਪ ਨਹੀਂ ਰਹਾਂਗੀ ਹੁਣ,
ਨਾ ਰਸਮਾਂ ਦੇ ਨਾਂ ‘ਤੇ, ਨਾ ਰਿਸ਼ਤਿਆਂ ਦੇ ਡਰੋਂ।
ਮੇਰਾ ਨਾਂ, aਮੇਰੀ ਪਛਾਣ, ਮੇਰੀ ਉਡਾਨ,
ਇਸ ਵਾਰ ਮੈਂ ਖੁਦ ਹੀ ਲਿਖਾਂਗੀ ਹਰ ਅੱਖਰੋਂ।

ਜੇ ਚਾਨਣ ਬਣਨਾ ਗੁਨਾਹ ਹੈ,
ਤਾਂ ਮੈਂ ਇਹ ਗੁਨਾਹ ਹਜ਼ਾਰ ਵਾਰ ਕਰਾਂਗੀ।
ਜੇ ਸੱਚ ਬੋਲਣਾ ਬਗਾਵਤ ਹੈ,
ਤਾਂ ਮੈਂ ਬਗਾਵਤ ਦਾ ਝੰਡਾ ਉੱਚਾ ਕਰਾਂਗੀ।

ਮੈਂ ਚੁੱਪ ਨਹੀਂ ਰਹਾਂਗੀ ਹੁਣ...
ਕਿਉਂਕਿ ਮੇਰੀ ਚੁੱਪ ਨੇ ਬਹੁਤ ਕੁਝ ਖਾ ਲਿਆ,
ਹੁਣ ਮੇਰੀ ਆਵਾਜ਼ ਦੁਨੀਆਂ ਨੂੰ ਖੁਆਏਗੀ।

## ਸਰੀ ਸਿਟੀ ਵੱਲੋਂ ਖਰੀਦੀ ਜ਼ਮੀਨ ਨੂੰ ਲੈ ਕੇ ਭਖਿਆ ਵਿਵਾਦ, ਮੇਅਰ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਕੀਤੀ ਪੂਰੀ ਪਾਰਦਰਸ਼ਤਾ ਦੀ ਮੰਗ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 7 ਜੁਲਾਈ : ਸਰੀ ਵਿੱਚ ਸਿਟੀ ਹਾਲ ਵੱਲੋਂ 7580-152 ਸਟਰੀਟ ਸਥਿਤ ਇੱਕ ਜਾਇਦਾਦ ਦੀ 6.8 ਮਿਲੀਅਨ ਡਾਲਰ ਵਿੱਚ ਕੀਤੀ ਗਈ ਖਰੀਦ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਕੰਸਰਵੇਟਿਵ ਪਾਰਟੀ ਆਫ਼ ਸਰੀ ਦੇ ਮੇਅਰ ਅਹੁਦੇ ਲਈ ਉਮੀਦਵਾਰ ਅਤੇ ਰੀਅਲ ਅਸਟੇਟ ਵਕੀਲ ਹੋਨਵੀਰ ਸਿੰਘ ਰੰਧਾਵਾ ਨੇ ਇਸ ਸੌਦੇ ’ਤੇ ਗੰਭੀਰ ਸਵਾਲ ਉਠਾਉਂਦਿਆਂ ਪੂਰੀ ਪਾਰਦਰਸ਼ਤਾ ਅਤੇ ਸੁਤੰਤਰ ਮੁਲਾਂਕਣ ਰਿਕਾਰਡ ਜਨਤਕ ਕਰਨ ਦੀ ਮੰਗ ਕੀਤੀ ਹੈ।

ਹੋਨਵੀਰ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਉਪਲਬਧ ਜਾਣਕਾਰੀ ਅਨੁਸਾਰ ਇਹ ਜਾਇਦਾਦ ਲਗਭਗ ਦੋ ਸਾਲ ਤੱਕ ਮਾਰਕੀਟ ਵਿੱਚ ਰਹੀ, ਇਸ ਦੌਰਾਨ ਇਸ ਦੀ ਕੀਮਤ ਵਿੱਚ ਕਈ ਵਾਰ ਤਬਦੀਲੀਆਂ ਹੋਈਆਂ ਅਤੇ ਆਖ਼ਰਕਾਰ ਕਾਰਪੋਰੇਟ ਸ਼ੇਅਰ ਵਿਕਰੀ ਰਾਹੀਂ ਕਰੀਬ 3.35 ਮਿਲੀਅਨ ਡਾਲਰ ਵਿੱਚ ਵੇਚੀ ਗਈ। ਉਨ੍ਹਾਂ ਦਾ ਦੋਸ਼ ਹੈ ਕਿ ਇਸ ਤੋਂ ਕੁਝ ਹੀ ਹਫ਼ਤਿਆਂ ਬਾਅਦ ਸਿਟੀ ਆਫ਼ ਸਰੀ ਨੇ ਇਹੀ ਜਾਇਦਾਦ 6.8 ਮਿਲੀਅਨ ਡਾਲਰ ਵਿੱਚ ਖਰੀਦ ਲਈ, ਜਿਸ ਨਾਲ ਟੈਕਸਦਾਤਾਵਾਂ ਦੇ ਪੈਸੇ ਦੀ ਵਰਤੋਂ ਬਾਰੇ ਗੰਭੀਰ ਸਵਾਲ ਪੈਦਾ ਹੁੰਦੇ ਹਨ।

ਉਨ੍ਹਾਂ ਕਿਹਾ ਕਿ ਮੌਂਜੂਦਾ ਰੀਅਲ ਅਸਟੇਟ ਮਾਰਕੀਟ ਵਿੱਚ ਜਦੋਂ ਬਹੁਤ ਸਾਰੀਆਂ ਜਾਇਦਾਦਾਂ ਆਪਣੇ ਅਸੈਸਮੈਂਟ ਮੁੱਲ ਤੋਂ ਘੱਟ ਕੀਮਤ ’ਤੇ ਵਿਕ ਰਹੀਆਂ ਹਨ, ਉਸ ਸਮੇਂ ਲਗਭਗ 2.9 ਮਿਲੀਅਨ ਡਾਲਰ ਦੇ ਬੀ.ਸੀ. ਅਸੈਸਮੈਂਟ ਵਾਲੀ ਇਸ ਜਾਇਦਾਦ ਲਈ 6.8 ਮਿਲੀਅਨ ਡਾਲਰ ਅਦਾ ਕਰਨ ਦਾ ਆਧਾਰ ਸਿਟੀ ਹਾਲ ਨੂੰ ਜਨਤਕ ਕਰਨਾ ਚਾਹੀਦਾ ਹੈ। ਸ. ਰੰਧਾਵਾ ਨੇ ਸਵਾਲ ਕੀਤਾ ਕਿ ਕੀ ਇਸ ਖਰੀਦ ਤੋਂ ਪਹਿਲਾਂ ਸੁਤੰਤਰ ਮੁਲਾਂਕਣ ਕਰਵਾਏ ਗਏ ਸਨ, ਕੀ ਜਾਇਦਾਦ ਦੀ ਹਾਲੀਆ ਵਿਕਰੀ ਅਤੇ ਦੋ ਸਾਲਾਂ ਦੇ ਮਾਰਕੀਟ ਇਤਿਹਾਸ ਦੀ ਸਮੀਖਿਆ ਕੀਤੀ ਗਈ ਸੀ ਅਤੇ ਆਖ਼ਰ ਕਿਸ ਆਧਾਰ ’ਤੇ ਇਸ ਕੀਮਤ ਨੂੰ ਜਾਇਜ਼ ਮੰਨਿਆ ਗਿਆ।

ਉਨ੍ਹਾਂ ਕਿਹਾ ਕਿ ਇਹ ਮਾਮਲਾ ਉਸ ਸਮੇਂ ਹੋਰ ਵੀ ਗੰਭੀਰ ਬਣ ਜਾਂਦਾ ਹੈ ਜਦੋਂ ਸਰੀ ਵਿੱਚ ਇੱਕ ਹੋਰ ਵੱਡੇ ਜ਼ਮੀਨੀ ਸੌਦੇ ਨੂੰ ਲੈ ਕੇ ਪਹਿਲਾਂ ਹੀ ਜਨਤਕ ਵਿਵਾਦ ਚੱਲ ਰਿਹਾ ਹੈ। ਸ. ਰੰਧਾਵਾ ਅਨੁਸਾਰ ਉਸ ਪ੍ਰਸਤਾਵਿਤ ਜ਼ਮੀਨ ਅਦਲਾ-ਬਦਲੀ ਵਿੱਚ ਵੀ ਕਰੋੜਾਂ ਡਾਲਰ ਦੇ ਮੁੱਲਾਂਕਣ ਅਤੇ ਟੈਂਡਰ ਪ੍ਰਕਿਰਿਆ ਨੂੰ ਲੈ ਕੇ ਸਵਾਲ ਉੱਠੇ ਸਨ। ਉਨ੍ਹਾਂ ਕਿਹਾ ਕਿ ਲਗਾਤਾਰ ਸਾਹਮਣੇ ਆ ਰਹੇ ਅਜਿਹੇ ਮਾਮਲਿਆਂ ਕਾਰਨ ਸਿਟੀ ਹਾਲ ਨੂੰ ਲੋਕਾਂ ਸਾਹਮਣੇ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ।

ਸ. ਰੰਧਾਵਾ ਨੇ ਸਿਟੀ ਆਫ਼ ਸਰੀ ਤੋਂ ਇਸ ਸੌਦੇ ਨਾਲ ਸਬੰਧਤ ਸਾਰੇ ਗੈਰ-ਵਿਸ਼ੇਸ਼ ਅਧਿਕਾਰ ਵਾਲੇ ਦਸਤਾਵੇਜ਼ ਜਨਤਕ ਕਰਨ ਦੀ ਮੰਗ ਕੀਤੀ ਹੈ। ਇਨ੍ਹਾਂ ਵਿੱਚ ਸੁਤੰਤਰ ਮੁਲਾਂਕਣ ਰਿਪੋਰਟਾਂ, ਸਟਾਫ ਦੀਆਂ ਸਿਫ਼ਾਰਸ਼ਾਂ, ਮਾਰਕੀਟ ਵਿਸ਼ਲੇਸ਼ਣ ਅਤੇ ਖਰੀਦ ਕੀਮਤ ਨਿਰਧਾਰਤ ਕਰਨ ਨਾਲ ਸੰਬੰਧਿਤ ਰਿਕਾਰਡ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਜੇਕਰ ਸਿਟੀ ਹਾਲ ਨੂੰ ਭਰੋਸਾ ਹੈ ਕਿ ਇਹ ਖਰੀਦ ਨਿਰਪੱਖ ਅਤੇ ਉਚਿਤ ਸੀ ਤਾਂ ਸਾਰੇ ਦਸਤਾਵੇਜ਼ ਜਨਤਕ ਕਰਨ ਵਿੱਚ ਕੋਈ ਹਿਚਕਚਾਹਟ ਨਹੀਂ ਹੋਣੀ ਚਾਹੀਦੀ। ਉਨ੍ਹਾਂ ਅਨੁਸਾਰ ਜ਼ਮੀਨੀ ਸੌਦਿਆਂ ਸਬੰਧੀ ਬੰਦ ਕਮਰਿਆਂ ਵਿੱਚ ਹੋਈ ਚਰਚਾ ਕਾਨੂੰਨੀ ਹੋ ਸਕਦੀ ਹੈ ਪਰ ਜਨਤਕ ਧਨ ਖਰਚ ਹੋਣ ਤੋਂ ਬਾਅਦ ਜਵਾਬਦੇਹੀ ਤੋਂ ਬਚਣ ਦਾ ਆਧਾਰ ਨਹੀਂ ਬਣ ਸਕਦੀ।

ਸ. ਰੰਧਾਵਾ ਨੇ ਵਾਅਦਾ ਕੀਤਾ ਕਿ ਜੇ ਉਹ ਮੇਅਰ ਚੁਣੇ ਜਾਂਦੇ ਹਨ ਤਾਂ ਵੱਡੀਆਂ ਜ਼ਮੀਨ ਖਰੀਦਣ ਲਈ ਸਖ਼ਤ ਟੈਕਸਦਾਤਾ ਸੁਰੱਖਿਆ ਨੀਤੀਆਂ ਲਾਗੂ ਕੀਤੀਆਂ ਜਾਣਗੀਆਂ। ਉਨ੍ਹਾਂ ਮੁਤਾਬਕ ਭਵਿੱਖ ਵਿੱਚ ਹਰ ਵੱਡੇ ਜ਼ਮੀਨੀ ਸੌਦੇ ਲਈ ਸੁਤੰਤਰ ਮੁਲਾਂਕਣ, ਲਿਖਤੀ ਜਾਂਚ-ਪੜਤਾਲ, ਸੌਦਾ ਪੂਰਾ ਹੋਣ ਤੋਂ ਬਾਅਦ ਜਨਤਕ ਰਿਪੋਰਟਿੰਗ ਅਤੇ ਜਿੱਥੇ ਸੰਭਵ ਹੋਵੇ ਜਨਤਕ ਸਲਾਹ-ਮਸ਼ਵਰਾ ਲਾਜ਼ਮੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜਿਵੇਂ ਸਰੀ ਦੇ ਵਸਨੀਕਾਂ ਤੋਂ ਨਿਯਮਾਂ ਦੀ ਪਾਲਣਾ ਦੀ ਉਮੀਦ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਸਿਟੀ ਹਾਲ ਨੂੰ ਵੀ ਟੈਕਸਦਾਤਾਵਾਂ ਦੇ ਲੱਖਾਂ ਡਾਲਰ ਖਰਚ ਕਰਦੇ ਸਮੇਂ ਪੂਰੀ ਪਾਰਦਰਸ਼ਤਾ ਅਤੇ ਜਵਾਬਦੇਹੀ ਨਾਲ ਕੰਮ ਕਰਨਾ ਚਾਹੀਦਾ ਹੈ।

## ਕਿੱਥੇ ਸੀ ਤੂੰ

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ

ਕਿੱਥੇ ਸੀ ਤੂੰ
ਜੱਦ ਤੈਨੂੰ ਹਰ ਪੱਲ , ਹਰ ਘੜੀ ।
ਪਾਗਲਾਂ ਵਾਂਗ ਪੁਕਾਰਦੀ ਰਹੀ ਮੈਂ ।

ਕਿੱਥੇ ਸੀ ਤੂੰ
ਕਿਤੇ ਨਜ਼ਰ ਨਾ ਆਇਆ ਤੂੰ ਜੱਦ ।
ਹਰ ਦੁੱਖ ਤੇਰੇ ਨਾਲ ਵੰਡਾਉਣਾ ਚਾਹਿਆ ਮੈਂ ।

ਕਿੱਥੇ ਸੀ ਤੂੰ
ਜੱਦ ਤੇਰੇ ਗੱਲ ਲੱਗ ਰੋਣਾ ਚਾਹਿਆ ਪਰ
ਇੱਕਲੀ ਹੀ ਭੁੱਬੀਂ ਰੋਂਦੀ ਰਹੀ ਮੈਂ ।

ਕਿੱਥੇ ਸੀ ਤੂੰ
ਆਪਣੀਆਂ ਨਜ਼ਮਾਂ ਸੁਣਾਉਣੀਆਂ ਚਾਹੀਆਂ ਤੈਨੂੰ ਮੈਂ
ਪਰ ਇੱਕਲੀ ਹੀ ਉਹਨਾਂ ਨੂੰ ਗੁਣਗੁਣਾਉਂਦੀ ਰਹੀ ਮੈਂ ।

ਕਿੱਥੇ ਸੀ ਤੂੰ
ਕੋਈ ਦਰਦ ਵੰਡਾਉਣ ਨਾ ਆਇਆ ਤੂੰ
ਹਰ ਦਰਦ ਇੱਕਲੀ ਹੀ ਜ਼ਰਦੀ ਰਹੀ ਮੈਂ ।

ਕਿੱਥੇ ਸੀ ਤੂੰ
ਪਰ ਤੂੰ ਮੇਰੇ ਨਾਲ ਖ਼ੁਸ਼ ਹੋਣ ਵੀ ਨਾ ਆਇਆ
ਜੱਦ ਹਰ ਖ਼ੁਸ਼ੀ ਤੇਰੇ ਨਾਲ ਸਾਂਝੀ ਕਰਨੀ ਚਾਹੀ ਮੈਂ ।

ਕਿੱਥੇ ਸੀ ਤੂੰ
ਕਿਤੇ ਵੀ ਨਾ ਗਈ ਮੈਂ ਤਾਂ
ਇੱਥੇ ਹੀ ਸੀ ਮੈਂ , ਇੱਥੇ ਹੀ ਸੀ ਮੈਂ ।

ਪਰ ਕਿੱਥੇ ਸੀ ਤੂੰ
ਕਿੱਥੇ ਸੀ ਤੂੰ ।

## ਗੁਰੂ ਪੂਰਨਿਮਾ ਅਤੇ ਗੁਰੂ ਦਕਸ਼ ਮਹਾਰਾਜ ਜੀ ਦੇ ਜਨਮ ਦਿਹਾੜੇ *ਤੇ ਲਾਇਆ ਜਾਵੇਗਾ ਬੂਟਿਆਂ ਦਾ ਲੰਗਰ : ਡਾਬੋਦੀਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 7 ਜੁਲਾਈ : ਪ੍ਰਜਾਪਤ ਸਮਾਜ ਸੇਵਾ ਸੁਸਾਇਟੀ ਮੋਗਾ ਵੱਲੋਂ ਆਉਣ ਵਾਲੀ 9 ਜੁਲਾਈ 2026 ਦਿਨ ਵੀਰਵਾਰ ਨੂੰ ਗੁਰੂ ਪੂਰਨਿਮਾ ਦੇ ਪਵਿੱਤਰ ਦਿਹਾੜੇ ਅਤੇ ਗੁਰੂ ਦਕਸ਼ ਮਹਾਰਾਜ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਜਿਕ ਅਤੇ ਵਾਤਾਵਰਣ ਪੱਖੀ ਪਹਿਲਕਦਮੀ ਕੀਤੀ ਜਾ ਰਹੀ ਹੈ।ਸਮਾਜ ਅਤੇ ਵਾਤਾਵਰਣ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਸੁਸਾਇਟੀ ਵੱਲੋਂ ਇਸ ਪਾਵਨ ਅਵਸਰ *ਤੇ ਬੂਟਿਆਂ ਦਾ ਲੰਗਰ ਲਾਇਆ ਜਾਵੇਗਾ। ਇਸ ਸਬੰਧੀ ਕੁਝ ਚੋਣਵੇਂ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਪ੍ਰਜਾਪਤ ਸਮਾਜ ਸੇਵਾ ਸੁਸਾਇਟੀ ਦੇ ਪ੍ਰਧਾਨ ਅਸ਼ੋਕ ਕੁਮਾਰ ਡਾਬੋਦੀਆ ਨੇ ਕਿਹਾ ਕਿ ਸਾਡਾ ਵਜੂਦ ਸਮਾਜ ਨਾਲ ਹੈ ਅਤੇ ਸਮਾਜ ਦਾ ਵਜੂਦ ਵਾਤਾਵਰਣ ਨਾਲ ਜੁੜਿਆ ਹੋਇਆ ਹੈ, ਕਿਉਂਕਿ ਵਾਤਾਵਰਣ ਤੋਂ ਬਿਨਾਂ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਹਨਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਬੂਟਿਆਂ ਦਾ ਲੰਗਰ ਲਾਉਣਾ ਸਭ ਤੋਂ ਉੱਤਮ ਲੰਗਰ ਹੈ ਅਤੇ ਇਹਨਾਂ ਬੂਟਿਆਂ ਦੀ ਸਹੀ ਸੇਵਾ-ਸੰਭਾਲ ਕਰਨਾ ਹੀ ਸਭ ਤੋਂ ਉੱਤਮ ਸੇਵਾ ਹੈ। ਉਹਨਾਂ ਸਮੂਹ ਸੰਗਤਾਂ ਨੂੰ ਇਸ ਮੁਹਿੰਮ ਦਾ ਹਿੱਸਾ ਬਣਨ ਦੀ ਅਪੀਲ ਕੀਤੀ ਅਤੇ ‘ਜੈ ਗੁਰੂ ਦਕਸ਼ ਮਹਾਰਾਜ ਜੀ’ ਅਤੇ ‘ਜੈ ਹੋ ਪ੍ਰਜਾਪਤ ਸਮਾਜ ਦੀ’ ਦੇ ਨਾਅਰੇ ਬੁਲੰਦ ਕੀਤੇ। ਇਸ ਮੌਕੇ ਸੁਸਾਇਟੀ ਦੇ ਲੀਗਲ ਐਡਵਾਈਜ਼ਰਅਜੀਤ ਵਰਮਾ ਐਡਵੋਕੇਟ, ਜੈ ਚੰਦ ਬੇਂਵਾਲ ਸਾਬਕਾ ਪ੍ਰਧਾਨ, ਅਰਜਨ ਰਾਮ ਖਜ਼ਾਨਚੀ, ਪੂਰਨ ਚੰਦ, ਲੱਕੀ ਅਤੇ ਪਵਨ ਕੁਮਾਰ ਆਦਿ ਸ਼ਾਮਲ ਸਨ।ਅੰਤ ਵਿੱਚ ਸਾਰਿਆਂ ਨੇ ਸਾਂਝੇ ਤੌਰ *ਤੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਦਾ ਪ੍ਰਣ ਵੀ ਲਿਆ।